**CLASS : 10th (Secondary)** **Code No. 4210**

**Series : Sec. M/2019**

*ਰੋਲ ਨੰ.* | | | | | | | | | | |  **SET : A**

# ਪੰਜਾਬੀ

## PUNJABI

*(Academic/Open)*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **8** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ :

$1 \times 4 = 4$

(i) ਹਰਨੂਰ ਦੇ ਬਸਤੇ ਵਿਚ 10 ਕਿਤਾਬਾਂ ਹਨ। ਵਾਕ ਵਿਚ 'ਬਸਤੇ' ਸ਼ਬਦ ਦਾ ਕਾਰਕ ਹੈ :

(ੳ) ਕਰਤਾ

(ਅ) ਅਪਾਦਾਨ

(ੲ) ਅਧਿਕਰਨ

(ਸ) ਸੰਪਰਦਾਨ

(ii) ਸੁਨੀਲ ਨੇ ਦੋ ਕਿਲੋ ਸੇਬ ਖਰੀਦੇ। ਵਾਕ ਵਿਚ 'ਸੇਬ' ਸ਼ਬਦ ਹੈ :

(ੳ) ਆਮ ਨਾਂਵ

(ਅ) ਖਾਸ ਨਾਂਵ

(ੲ) ਭਾਵ ਵਾਚਕ ਨਾਂਵ

(ਸ) ਵਸਤੁਵਾਚਕ ਨਾਂਵ

(iii) ਸ਼ੁੱਧ ਸ਼ਬਦ ਚੁਣੋ :

(ੳ) ਦੁੱਧ (ਅ) ਕਵਿ

(ੲ) ਦੁਪੈਹਰ (ਸ) ਉਂਗਲ



www.mseducationtv.com

(iv) ਗਰੀਬਾਂ ਰੱਖੇ ਰੋਜੇ, ਦਿਨ ........ ਆਏ। ਅਖਾਣ ਪੂਰੀ ਕਰੋ :

(ੳ) ਛੋਟੇ (ਅ) ਵੱਡੇ

(ੲ) ਠੰਡੇ (ਸ) ਗਰਮ

**2.** (i) ਚੰਗੇ ਲੋਕ ਸਭ ਦਾ ਭਲਾ ਕਰਦੇ ਹਨ। (ਨਾਂਹ ਵਾਚਕ ਵਾਕ ਬਣਾਓ) 1

(ii) ਸਵੇਰ ਦੀ ਸੈਰ ਦੇ ਲਾਭ ਦੱਸੋ। (ਪ੍ਰਸ਼ਨ ਵਾਚਕ ਵਾਕ ਬਣਾਓ) 1

(iii) ਸੁਰਜੀਤ ਫੁੱਟਬਾਲ ਖੇਡਦਾ ਹੈ। (ਲਕੀਰ ਸ਼ਬਦ ਦੀ ਪਦਵੰਡ ਕਰੋ) 1

(iv) 'ਹਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

**3.** ਪਿਤਾਮਾ ਹੈ ਪੰਜਾਬੀ ਨਾਵਲ ਦਾ ਨਾਨਕ ਸਿੰਘ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਉਸ ਨੇ ਦੱਸਿਆ ਮੈਂ ਬੀ ਏ ਕਰ ਲਈ ਹੈ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਟੈਂ ਨਾ ਮੰਨਣੀ

(ii) ਦਿਲ ਕਰਨਾ

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਮਸਖਰੇ ਅੰਦਰੋਂ ਉਦਾਸ ਹੁੰਦੇ ਹਨ। ਵਾਸਤਵ ਵਿਚ ਉਹ ਇਸ ਲਈ ਹੱਸਦੇ ਰਹਿੰਦੇ ਹਨ ਕਿ ਕਿਧਰੇ ਰੋਣ ਨਾ ਨਿਕਲ ਆਵੇ। ਜੀਵਨ ਦਾ ਇਹ ਵੀ



www.mseducationtv.com

ਇਕ ਢੰਗ ਹੈ। ਜਦੋਂ ਤੁਸੀਂ ਉਦਾਸ ਹੋ ਜਾਵੋ ਤਾਂ ਕਿਸੇ ਹਸਪਤਾਲ ਦਾ ਇਕ ਫੇਰਾ ਮਾਰੋ, ਤੁਹਾਡੇ ਮਨ ਦੀ ਹਾਲਤ ਬਦਲ ਜਾਵੇਗੀ। ਕੋਈ ਵੀ ਸਥਿਤੀ ਮਹੱਤਵਪੂਰਨ ਨਹੀਂ ਹੁੰਦੀ, ਉਸ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਮਹੱਤਵਪੂਰਨ ਹੁੰਦਾ ਹੈ। ਸਥਿਤੀਆਂ ਉਤੇ ਤੁਹਾਡਾ ਕਾਬੂ ਨਹੀਂ ਹੁੰਦਾ, ਪਰ ਉਨ੍ਹਾਂ ਵੱਲ ਦ੍ਰਿਸ਼ਟੀਕੋਣ ਉਤੇ ਤੁਹਾਡਾ ਕਾਬੂ ਹੁੰਦਾ ਹੈ। ਅਸੀਂ ਹਵਾ ਦਾ ਰੁੱਖ ਤਾਂ ਨਹੀਂ ਬਦਲ ਸਕਦੇ, ਪਰ ਅਸੀਂ ਆਪਣੇ ਬਾਦਬਾਨਾਂ ਨੂੰ ਨਵੀਂ ਵਿਉਂਤ ਦੇ ਸਕਦੇ ਹਾਂ। ਹਰ ਮੁਸ਼ਕਿਲ ਦੇ ਅੱਧ ਵਿਚ ਅਵਸਰ ਛੁਪਿਆ ਹੁੰਦਾ ਹੈ, ਹਰ ਮੁਸ਼ਕਿਲ ਦੇ ਅੱਧ ਤੋਂ ਅਵਸਰ ਸ਼ੁਰੂ ਹੁੰਦਾ ਹੈ।

(i) ਮਸਖਰੇ ਕਿਉਂ ਹੱਸਦੇ ਰਹਿੰਦੇ ਹਨ? 2

(ii) ਜੀਵਨ ਵਿਚ ਉਦਾਸ ਹੋਣ 'ਤੇ ਕੀ ਕਰਨਾ ਚਾਹੀਦਾ ਹੈ? 2

(iii) ਅਵਸਰ ਕਿੱਥੇ ਛੁਪਿਆ ਹੁੰਦਾ ਹੈ? 1

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਨਾਨਕ ਦੇਵ ਜੀ

(ii) ਸਾਡੇ ਤਿਉਹਾਰ

(iii) ਵਿਦਿਆਰਥੀ ਜੀਵਨ

(iv) ਪਾਣੀ ਦਾ ਮਹੱਤਵ

(v) ਪਹਾੜਾਂ ਦੀ ਸੈਰ



www.mseducationtv.com

**8.** ਸ਼ਹਿਰ ਵਿਚ ਵਧ ਰਹੀ ਨਸ਼ਾਖੋਰੀ ਨੂੰ ਰੋਕਣ ਲਈ ਪੁਲਿਸ ਕਮਿਸ਼ਨਰ ਨੂੰ ਬੇਨਤੀ ਪੱਤਰ ਲਿਖੋ। 5

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਦਸਵੀਂ ਜਮਾਤ ਵਿਚ ਪੰਜਾਬੀ ਵਿਸ਼ਾ ਦਿੱਤੇ ਜਾਣ ਲਈ ਬੇਨਤੀ ਪੱਤਰ ਲਿਖੋ।

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ।।
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ।।
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ।।
ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ।।

**ਜਾਂ**

ਹੈ ਅਫ਼ਸੋਸ ਜੋ ਇਸ ਬੋਲੀ ਤੋਂ ਰੋਟੀ ਖਾਂਦੇ ਨੇ
ਉਹੀਉ ਆਪਣੇ ਘਰਾਂ 'ਚ ਇੰਗਲਿਸ਼ ਬੋਲੀ ਜਾਂਦੇ ਨੇ
ਨਾਸ਼ੁਕਰੇ, ਜੋ ਨਹੀਂ ਮੰਨਦੇ ਅਹਿਸਾਨ ਪੰਜਾਬੀ ਦਾ
ਜ਼ੱਗ ਜ਼ੱਗ ਕਹਿ ਉਠੇ, ਸਾਨੂੰ ਮਾਣ ਪੰਜਾਬੀ ਦਾ।

(ii) ਧੀ ਨੂੰ ਸਮਾਜ ਵਿਚ ਕੀ ਸਥਾਨ ਮਿਲ ਰਿਹਾ ਹੈ? ਇਸ ਬਾਰੇ ਆਪਣੇ ਵਿਚਾਰ ਲਿਖੋ। 3

(iii) 'ਰੁੱਖਾਂ ਬਾਝੋਂ ਧਰਤੀ .......' ਕਵਿਤਾ ਕਿਸ ਦੀ ਰਚਨਾ ਹੈ? 1



www.mseducationtv.com

**10.** (i) ਘਾਹ ਦੇ ਮੈਦਾਨ ਵਿਚ ਲੇਖਕ ਨੂੰ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ? 3

(ii) ਬੱਚੇ ਦੇ ਹੱਥ ਤੋੜਨ ਦਾ ਕੀ ਕਾਰਨ ਸੀ ? 3

(iii) ਮੁੰਡ੍ਹੀਰ ਤੋਂ ਕੀ ਭਾਵ ਹੈ ਤੇ ਇਹ ਕਿੱਥੇ ਜਾਣ ਲਈ ਰੇਸ ਲਾਉਂਦੀ ਹੈ ? 2

(iv) 'ਕੰਪਿਊਟਰ ਸ਼ਾਫ਼ਟਵੇਅਰਾਂ ਦੀ ਵਰਤੋਂ' ਲੇਖ ਦੇ ਲੇਖਕ ਦਾ ਨਾਮ ਲਿਖੋ। 1

**11.** (i) 'ਈਅਰ ਫ਼ੋਨ' ਕਹਾਣੀ ਵਿਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ ? ਇਸ ਬਾਰੇ ਵਿਸਥਾਰ ਸਹਿਤ ਲਿਖੋ। 3

(ii) ਵੰਦਨਾ ਅਤੇ ਅਰਚਨਾ ਦੀ ਫ਼ੁੱਲ ਬੂਟਿਆਂ ਨਾਲ ਕਿਹੋ ਜਿਹੀ ਸਾਂਝ ਹੈ ? ਬਿਆਨ ਕਰੋ। 3

(iii) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ ? 2

(iv) ਬੁੱਢੀ ਅੰਮਾਂ ਨੇ ਰੋਹਿਤ ਨੂੰ ਕੀ ਲੈ ਕੇ ਦਿੱਤਾ ? 1

**12.** (i) 'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਲਿਖੋ। 5

**ਜਾਂ**

'ਮੈਂ ਹਰ ਪਾਸਿਉ ਲੁੱਟਿਆ ਗਿਆ। ਓਇ, ਮੈਂ ਕੀ ਕਰਾਂ,' ਇਹ ਕੌਣ ਤੇ ਕਿਉਂ ਬੋਲਦਾ ਹੈ ? ਉੱਤਰ **100** ਸ਼ਬਦਾਂ ਵਿਚ ਲਿਖੋ।

(ii) ਭੇਸ ਵਟਾ ਕੇ ਲੋਕਾਂ ਵਿਚ ਕੌਣ ਜਾਂਦੇ ਹਨ ਅਤੇ ਕਿਉਂ ? 3

(iii) 'ਰਾਜਿਆ ਰਾਜ ਕਰੇਂਦਿਆ' ਇਕਾਂਗੀ ਕਿਸ ਦੀ ਰਚਨਾ ਹੈ ? 1

(iv) ਗਿਰਝ ਕਿਸ ਦੇ ਸਾਥੀ ਨੂੰ ਖਾ ਗਈ ? 1



www.mseducationtv.com

**13.** (i) ਤੁਹਾਨੂੰ ਬੀਬੀ ਭਾਨੀ ਦੀਆਂ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ਹੈ? ਵਿਸਥਾਰ ਨਾਲ ਲਿਖੋ। 3

(ii) ਦੇਸ਼ ਦੀ ਤਰੱਕੀ ਲਈ ਡਾ੦ ਕਲਾਮ ਨੇ ਕਿੰਨਾਂ ਚੀਜ਼ਾਂ ਨੂੰ ਜ਼ਰੂਰੀ ਦੱਸਿਆ? 3

(iii) ਨਾਵਲਕਾਰ ਨਾਨਕ ਸਿੰਘ ਦੇ ਨਾਵਲਾਂ ਦਾ ਵਿਸ਼ਾ ਕੀ ਹੈ? 2

(iv) ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ 'ਚ ਹਿੱਸਾ ਲਿਆ? 1

**14.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਦਸ ਗੁਰੂਆਂ ਨੇ ਕਿਹੜੀ ਜੋਤ ਬਾਲੀ ?

(ੳ) ਨਾਮ ਦੀ

(ਅ) ਸਿੱਖੀ ਦੀ

(ੲ) ਦੀਵੇ ਦੀ

(ਸ) ਦਸਵੰਧ ਦੀ

(ii) 'ਪੰਜਾਬ ਦੇ ਲੋਕ ਗੀਤ' ਲੇਖ ਦਾ ਰਚਨਹਾਰ ਹੈ :

(ੳ) ਪ੍ਰੀਤਮ ਰੂਪਾਲ

(ਅ) ਤੇਜਿੰਦਰ ਕੌਰ

(ੲ) ਸ਼ਾਹ ਹੁਸੈਨ

(ਸ) ਕੇ੦ ਐਲ੦ ਗਰਗ



www.mseducationtv.com

(iii) ਟਾਂਗੇ ਵਿਚ ਸਵਾਰ ਅੱਧਖੜ ਵਿਅਕਤੀ ਕਿੱਥੋਂ ਦਾ ਜੰਮਪਲ ਸੀ ?

(ੳ) ਲਾਹੌਰ ਦਾ

(ਅ) ਜਲੰਧਰ ਦਾ

(ੲ) ਹਰਿਆਣੇ ਦਾ

(ਸ) ਅੰਮ੍ਰਿਤਸਰ ਦਾ

(iv) ਮਿਲਖਾ ਸਿੰਘ ਨੇ ਕਦੋਂ ਦੌੜ ਨੂੰ ਅਲਵਿਦਾ ਕਿਹਾ ?

(ੳ) 1968 ਨੂੰ

(ਅ) 1960 ਨੂੰ

(ੲ) 1952 ਨੂੰ

(ਸ) 1964 ਨੂੰ



www.mseducationtv.com

**CLASS : 10th (Secondary)** **Code No. 4210**

**Series : Sec. M/2019**

ਰੋਲ ਨੰ. | | | | | | | | | | |

**SET : B**

# ਪੰਜਾਬੀ

## PUNJABI

*(Academic/Open)*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **8** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ :

$1 \times 4 = 4$

(i) ਨਰੇਂਦਰ ਨੇ ਚਾਕੂ ਨਾਲ ਸੇਬ ਕੱਟਿਆ। ਵਾਕ ਵਿਚ 'ਚਾਕੂ' ਸ਼ਬਦ ਦਾ ਕਾਰਕ ਹੈ :

(ੳ) ਕਰਨ ਕਾਰਕ

(ਅ) ਕਰਮ ਕਾਰਕ

(ੲ) ਸੰਬੰਧ ਕਾਰਕ

(ਸ) ਕਰਤਾ ਕਾਰਕ

(ii) ਮੈਂ ਹਰ ਰੋਜ ਸੈਰ ਕਰਦਾ ਹਾਂ। ਵਾਕ ਵਿਚ 'ਮੈਂ' ਸ਼ਬਦ ਹੈ :

(ੳ) ਪੁਰਖਵਾਚਕ ਪੜਨਾਂਵ

(ਅ) ਨਿੱਜਵਾਚਕ ਪੜਨਾਂਵ

(ੲ) ਆਮ ਨਾਂਵ

(ਸ) ਪ੍ਰਸ਼ਨਵਾਚਕ ਪੜਨਾਂਵ

(iii) ਸ਼ੁੱਧ ਸ਼ਬਦ ਚੁਣੋ :

(ੳ) ਅੱਦਖੜ (ਅ) ਮੁਖਾਤਿਵ

(ੲ) ਪੰਡਤ (ਸ) ਕੰਘਾ



www.mseducationtv.com

(iv) ਛੱਜ ਤਾਂ ਬੋਲੇ, ....... ਵੀ ਬੋਲੇ। ਅਖਾਣ ਪੂਰੀ ਕਰੋ :

(ੳ) ਰੇਡੀਓ (ਅ) ਛਾਣਨੀ

(ੲ) ਕੂੰਡਾ (ਸ) ਛਿੱਕਾ

**2.** (i) ਤਾੜੀ ਦੋਹਾਂ ਹੱਥਾਂ ਨਾਲ ਹੀ ਵੱਜਦੀ ਹੈ। (ਨਾਂਹ ਵਾਚਕ ਵਾਕ ਬਣਾਓ) 1

(ii) ਆਪਣਾ ਪਤਾ ਦੱਸੋ। (ਪ੍ਰਸ਼ਨ ਵਾਚਕ ਵਾਕ ਬਣਾਓ) 1

(iii) ਰਾਕੇਸ਼ ਪੁਸਤਕ ਪੜ੍ਹਦਾ ਹੈ। (ਲਕੀਰੇ ਸ਼ਬਦ ਦੀ ਪਦਵੰਡ ਕਰੋ) 1

(iv) 'ਨਿਰ' ਅਗੇਤਰ ਤੋਂ ਇਕ ਸ਼ਬਦ ਬਣਾਓ। 1

**3.** ਮਿੱਠਾ ਮਿਹਨਤ ਦਾ ਹੁੰਦਾ ਫਲ ਹੈ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਵਾਹ ਬਈ ਵਾਹ ਤੁਸੀਂ ਜਲੰਧਰ ਤੋਂ ਹੋ ਰੋਹਿਤ ਨੇ ਪੁੱਛਿਆ

**5.** ਹੇਠ ਲਿਖੇ ਮੁਹਾਵਰਿਆ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਹੱਥ ਮਲਣਾ

(ii) ਅੱਗ ਬਗੂਲਾ ਹੋਣਾ

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:

ਪੰਜਾਬ ਵਿਚ ਜਦ ਕਿਸੇ ਦਾ ਵਿਆਹ ਸੁਧਵਾਇਆ ਜਾਂਦਾ ਹੈ ਤਾਂ ਆਮ ਤੌਰ ਉੱਤੇ ਪੋਹ, ਚੇਤਰ, ਸਾਉਣ ਤੇ ਕੱਤਕ ਵਿਆਹ ਨਹੀਂ ਹੁੰਦੇ।



www.mseducationtv.com

ਇਹਨਾਂ ਦਿਨਾਂ ਵਿਚ ਵਿਆਹ ਹੋਣੇ ਨਹਿਸ਼ ਗਿਣੇ ਜਾਂਦੇ ਹਨ। ਪਰ ਅਸਲ ਵਿਚ ਪੋਹ ਵਿਚ ਅਤਿ ਦੀ ਠੰਡ ਕਰਕੇ ਬਾਹਰ ਨਿਕਲਣਾ ਤੇ ਬਰਾਤ ਲਈ ਪ੍ਰਬੰਧ ਕਰਨਾ ਮੁਸ਼ਕਿਲ ਹੁੰਦਾ ਹੈ। ਦੂਸਰੇ ਕਣਕ ਦੇ ਖੇਤਾਂ ਵਿਚੋਂ ਪੋਹਲੀ ਮਾਰਨੀ 'ਤੇ ਹੋਰ ਬੂਟੀਆਂ ਕੱਢਣੀਆਂ ਹੁੰਦੀਆਂ ਹਨ, ਜਿਸ ਕਰਕੇ ਲੋਕਾਂ ਨੂੰ ਵਿਹਲ ਨਹੀਂ ਹੁੰਦੀ। ਚੇਤਰ ਵਿਚ ਕਣਕ ਦੀ ਰਾਖੀ, ਸਾਉਣ ਵਿਚ ਮੀਂਹ ਕਾਰਨ ਪੈਂਡੇ ਬਖੇੜਾ, ਝੋਨੇ ਦੀ ਬੀਜਾਈ, ਕੱਤਕ ਵਿਚ ਕਣਕਾਂ ਦੀ ਬਿਜਾਈ ਤੇ ਕਪਾਹ ਦੀ ਚੁਗਾਈ ਜਾਂ ਝੋਨੇ ਦੀ ਵਾਢੀ ਐਸੀਆਂ ਰੁਕਾਵਟਾਂ ਹਨ, ਜਿਨ੍ਹਾਂ ਕਾਰਨ ਇਹਨਾਂ ਦਿਨਾਂ ਵਿਚ ਵਿਆਹ ਮਾੜੇ ਗਿਣੇ ਜਾਂਦੇ ਹਨ।

(i) ਪੋਹ ਵਿਚ ਵਿਆਹ ਨਾ ਕਰਨ ਦੇ ਕੀ ਕਾਰਨ ਹਨ? 2

(ii) ਪੰਜਾਬ ਵਿਚ ਆਮ ਤੌਰ ਤੇ ਕਿਹੜੇ ਮਹੀਨਿਆਂ ਵਿਚ ਵਿਆਹ ਨਹੀਂ ਹੁੰਦੇ? 2

(iii) ਝੋਨੇ ਦੀ ਬਿਜਾਈ ਕਿਹੜੇ ਮਹੀਨੇ ਹੁੰਦੀ ਹੈ? 1

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਗੋਬਿੰਦ ਸਿੰਘ ਜੀ

(ii) ਵਧ ਰਹੀਆਂ ਕੀਮਤਾਂ

(iii) ਪੰਜਾਬ ਦੇ ਮੇਲੇ

(iv) ਕਿਤਾਬਾਂ ਦਾ ਮਹੱਤਵ

(v) ਮੇਰਾ ਹਰਿਆਣਾ



www.mseducationtv.com

**8.** ਤੁਹਾਡਾ ਮੋਬਾਈਲ ਫ਼ੋਨ ਗੁੰਮ ਹੋ ਗਿਆ ਹੈ। ਉਸ ਦੀ ਥਾਣੇ ਵਿਚ ਰਿਪੋਰਟ ਲਿਖਾਉਣ ਲਈ ਬਿਨੈ-ਪੱਤਰ ਲਿਖੋ। 5

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬੇਨਤੀ ਪੱਤਰ ਲਿਖੋ।

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਮਿਤਰਾਂ ਲਿਖ ਕਿਤਾਬਤ ਭੇਜੀ,
ਲਗਾ ਬਾਣ ਫਿਰਾਂ ਤੜਫੇਂਦੀ,
ਤਨ ਵਿਚਿ ਤਾਕਤ ਰਹੀ ਨਾ ਮੂਲੇ,
ਰੋ ਰੋ ਹਰਫ਼ ਪਛਾਣੀਦਾ।

**ਜਾਂ**

ਕਿੰਨੀ ਛੇਤੀ ਸੋਚ ਲਿਆ ਤੂੰ, ਧੀ ਨੂੰ ਕਿਵੇਂ ਵਿਆਵਾਂਗੀ।
ਇਹ ਨਹੀਂ ਸੋਚਿਆ ਵੀਰ ਮੇਰੇ ਨੂੰ ਰੱਖੜੀ ਕਿੰਜ ਬਨ੍ਹਾਵਾਂਗੀ।
ਪਲ ਵਿਚ ਪੱਤਾ-ਪੱਤਾ ਹੋਜੂ ਫੁੱਲਾਂ ਦੀ ਫੁਲਵਾੜੀ ਮਾਂ।
ਨਹੀਂ ਮੰਗਦੀ ਮੈਂ ਲੋਰੀ ਤੈਥੋਂ, ਜਨਮ ਤਾਂ ਦੇ ਇਕ ਵਾਰੀ ਮਾਂ।

(ii) ਪੰਜਾਬੀ ਭਾਸ਼ਾ ਬਾਰੇ ਕਵੀ ਕੀ ਵਿਚਾਰ ਪੇਸ਼ ਕਰ ਰਿਹਾ ਹੈ? 3

(iii) 'ਅਲਾਣੀ ਮੰਜੀ' ਤੋਂ ਕੀ ਭਾਵ ਹੈ? 1



www.mseducationtv.com

**10.** (i) ਝੋਨਾ ਲਾਉਣ ਨਾਲ ਪੰਜਾਬੀਆਂ ਨੂੰ ਕੀ ਨੁਕਸਾਨ ਹੋਇਆ? 3

(ii) ਪੰਜਾਬੀ ਭਾਸ਼ਾ ਲਈ ਵਿਕਸਿਤ ਹੋ ਚੁੱਕੇ ਪ੍ਰਮੁੱਖ ਸਾਫ਼ਟਵੇਅਰਾਂ ਦੇ ਨਾਂ ਲਿਖੋ। 3

(iii) ਵਿਸ਼ਨੂੰ ਗੁਪਤ ਅਨੁਸਾਰ ਲਛਮੀ ਕਿਹੋ ਜਿਹੇ ਲੋਕਾਂ ਨੂੰ ਛੱਡ ਦਿੰਦੀ ਹੈ? 2

(iv) ਬਹੁ-ਬੁਧੀ ਦੇ ਸਿਧਾਂਤ ਦਾ ਨਿਰਮਾਤਾ ਕੌਣ ਹੈ? 1

**11.** (i) ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸ ਨੇ ਅਤੇ ਕਿਵੇਂ ਕੀਤੀ? 3

(ii) ਕਹਾਣੀ ਵਿਚ ਈਅਰਫ਼ੋਨ ਦੀ ਵਰਤੋ ਦੇ ਕਿਹੜੇ ਬੁਰੇ ਪ੍ਰਭਾਵ ਦੱਸੇ ਗਏ ਹਨ? 3

(iii) ਦੋਵਾਂ ਗੁਆਂਢਣਾਂ ਵਿਚ ਅਣਬਣ ਦਾ ਕੀ ਕਾਰਨ ਸੀ? 2

(iv) 'ਮੈਂ ਕਿਸੇ ਤੋਂ ਘੱਟ ਨਹੀਂ' ਕਹਾਣੀ ਕਿਸ ਦੀ ਰਚਨਾ ਹੈ? 1

**12.** (i) 'ਰਾਜਿਆ ਰਾਜ ਕਰੇਂਦਿਆ' ਇਕਾਂਗੀ ਦੇ ਵਿਸ਼ੇ-ਵਸਤੂ ਤੇ ਵਿਚਾਰ ਕਰੋ। 5

**ਜਾਂ**

ਤੋਤਾ-ਮੈਨਾ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ। ਆਪਣੇ ਵਿਚਾਰ **100** ਸ਼ਬਦਾ ਵਿਚ ਲਿਖੋ।

(ii) ਸ਼ਾਮ ਦਾਸ, ਰਾਮ ਭਜਨੀ ਤੋਂ ਕਿਸ ਚੀਜ਼ ਦੀ ਮੰਗ ਕਰਦਾ ਹੈ? ਕਿਉ? 3

(iii) 'ਬੇਬੇ ਰਾਮ ਭਜਨੀ' ਇਕਾਂਗੀ ਕਿਸ ਦੀ ਰਚਨਾ ਹੈ? 1

(iv) ਪਾਂਧੇ ਨੂੰ ਰਾਮ ਭਜਨੀ ਕੋਲ ਕੌਣ ਲੈ ਕੇ ਆਉਂਦਾ ਹੈ? 1



www.mseducationtv.com

**13.** (i) ਬੀਬੀ ਭਾਨੀ ਜੀ ਕਿਹੜੇ ਗੁਣਾਂ ਦੇ ਧਾਰਨੀ ਸਨ? 3

(ii) ਨਾਨਕ ਸਿੰਘ ਦਾ ਪਹਿਲਾ ਨਾਵਲ ਕਿਹੜਾ ਸੀ? ਉਸ ਬਾਰੇ ਜਾਣਕਾਰੀ ਦਿਉ। 3

(iii) ਡਾ੦ ਕਲਾਮ ਨੂੰ ਭਾਰਤ ਦੇ ਕਿਹੜੇ ਵੱਡੇ ਸਨਮਾਨ ਹਾਸਲ ਹੋਏ? 2

(iv) ਮਿਲਖਾ ਸਿੰਘ ਨੇ ਕਿੰਨੇ ਮੁਕਾਬਲਿਆਂ ਵਿਚ ਜਿੱਤ ਹਾਸਲ ਕੀਤੀ? 1

**14.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਕਵੀ ਸੁਦਰਸ਼ਨ ਗਾਸੋ ਨੇ ਸਰਹੱਦ ਦੇ ਆਰ-ਪਾਰ ਕਿਸ ਦੇ ਚਮਕਣ ਦਾ ਹਵਾਲਾ ਦਿੱਤਾ?

(ੳ) ਚੰਦ ਦੇ

(ਅ) ਸੂਰਜ ਦੇ

(ੲ) ਫੁੱਲ ਦੇ

(ਸ) ਪੱਥਰ ਦੇ

(ii) ਸਿਡਨੀ ਸ਼ਹਿਰ ਕਿਹੜੇ ਦੇਸ਼ ਵਿਚ ਹੈ?

(ੳ) ਆਸਟ੍ਰੇਲੀਆ ਵਿਚ

(ਅ) ਅਮਰੀਕਾ ਵਿਚ

(ੲ) ਇੰਗਲੈਂਡ ਵਿਚ

(ਸ) ਰੂਸ ਵਿਚ



www.mseducationtv.com

(iii) 'ਮੈਂ ਕਿਸੇ ਤੋਂ ਘੱਟ ਨਹੀਂ' ਕਹਾਣੀ ਦੀ ਮੁੱਖ ਪਾਤਰ ਹੈ :

(ੳ) ਵੰਦਨਾ

(ਅ) ਮੀਨਾਕਸ਼ੀ

(ੲ) ਰਜਨੀ

(ਸ) ਅਰਚਨਾ

(iv) ਮਿਲਖਾ ਸਿੰਘ ਕਦੋਂ ਫ਼ੌਜ ਵਿਚ ਭਰਤੀ ਹੋਇਆ ?

(ੳ) 1960 ਵਿਚ

(ਅ) 1964 ਵਿਚ

(ੲ) 1952 ਵਿਚ

(ਸ) 1956 ਵਿਚ



www.mseducationtv.com

**CLASS : 10th (Secondary)** **Code No. 4210**

**Series : Sec. M/2019**

*ਰੋਲ ਨੰ.* | | | | | | | | | | |

**SET : C**

# ਪੰਜਾਬੀ

## PUNJABI

*(Academic/Open)*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **8** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਦੀਦਾਰ ਦਾ ਬਸਤਾ ਬਹੁਤ ਸੁੰਦਰ ਹੈ। ਵਾਕ ਵਿਚ 'ਦੀਦਾਰ' ਸ਼ਬਦ ਦਾ ਕਾਰਕ ਹੈ :

(ੳ) ਕਰਨ ਕਾਰਕ

(ਅ) ਸੰਬੰਧ ਕਾਰਕ

(ੲ) ਕਰਤਾ ਕਾਰਕ

(ਸ) ਅਪਾਦਾਨ ਕਾਰਕ

(ii) ਮੈਂ ਆਪਣੇ-ਆਪ ਚਲਾ ਜਾਵਾਂਗਾ। ਵਾਕ ਵਿਚ 'ਆਪਣੇ-ਆਪ' ਸ਼ਬਦ ਹੈ :

(ੳ) ਪ੍ਰਸ਼ਨਵਾਚਕ ਪੜਨਾਂਵ

(ਅ) ਸੰਬੰਧਵਾਚਕ ਪੜਨਾਂਵ

(ੲ) ਨਿੱਜ ਵਾਚਕ ਪੜਨਾਂਵ

(ਸ) ਪੁਰਖਵਾਚਕ ਪੜਨਾਂਵ

(iii) ਸ਼ੁੱਧ ਸ਼ਬਦ ਚੁਣੋ :

(ੳ) ਤੀਹ (ਅ) ਅਓਖਾ

(ੲ) ਕੰਗਾ (ਸ) ਔਸਵਾਲ



www.mseducationtv.com

(iv) ਜਿਸ ਤਨ ......., ਸੋ ਤਨ ਜਾਣੇ। ਅਖਾਣ ਪੂਰੀ ਕਰੋ :

(ੳ) ਦਰਦ (ਅ) ਲਾਗੇ

(ੲ) ਥਕਾਵਟ (ਸ) ਗੰਦਗੀ

**2.** (i) ਰੂਪਜੋਤ ਸਭ ਤੋਂ ਵੱਧ ਸ਼ਰਾਰਤੀ ਹੈ। (ਨਾਂਹ ਵਾਚਕ ਵਾਕ ਬਣਾਓ) 1

(ii) ਤੁਸੀਂ ਕੀ ਕੰਮਕਾਰ ਕਰਦੇ ਹੋ ? (ਬਿਨੈ ਵਾਚਕ ਵਾਕ ਬਣਾਓ) 1

(iii) ਉਸ ਨੇ ਨਵੀਂ <u>ਸਾੜ੍ਹੀ</u> ਖਰੀਦੀ। (ਲਕੀਰੇ ਸ਼ਬਦ ਦੀ ਪਦਵੰਡ ਕਰੋ) 1

(iv) 'ਦਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

**3.** ਮਿਲਖਾ ਸਿੰਘ ਦਾ ਭਰਾ ਵੱਡਾ ਮੁਲਤਾਨ ਵਿਚ ਫ਼ੌਜ ਸੀ।

(ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਹਾਏ ਕਿੰਨੇ ਸੁੰਦਰ ਫੁੱਲ ਲੱਗੇ ਹਨ ਇਕ ਕੁੜੀ ਨੇ ਦੂਜੀ ਕੁੜੀ ਨੂੰ ਅਖਿਆ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਕੰਨਾਂ ਉਪਰ ਜੂੰ ਨਾ ਸਰਕਣੀ

(ii) ਦੰਗ ਰਹਿ ਜਾਣਾ

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਭਾਵੇਂ ਪੂਰਬ ਬਹੁਤ ਸਾਰੇ ਵਹਿਮਾਂ ਦਾ ਘਰ ਹੈ, ਪਰ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਪੱਛਮ ਵਹਿਮਾਂ ਤੋਂ ਮੁਕਤ ਹੈ। ਯੂਰਪੀਆਂ ਵਿਚ ਵੀ ਅਸੀਂ



www.mseducationtv.com

ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਤੇਰ੍ਹਾਂ ਦੇ ਅੰਕ ਨੂੰ ਅਸੁਖਾਵਾਂ ਮੰਨਦੇ ਹਨ। ਉਹਨਾਂ ਵਾਸਤੇ ਗਿੱਦੜ ਦਾ ਹਵਾਂਕਣਾਂ ਬਦਸ਼ਗਨੀ ਹੈ। ਇਸੇ ਤਰ੍ਹਾਂ ਉੱਲੂ ਨੂੰ ਉਹ ਨਹਿਸ਼ ਮੰਨਦੇ ਹਨ। ਭਾਰਤ ਵਿਚ ਵੀ ਕਈ ਲੋਕ ਵਹਿਮੀ ਹਨ। ਹਫ਼ਤੇ ਦੇ ਖਾਸ ਦਿਨਾਂ ਤੇ ਉਹ ਸਫ਼ਰ ਤੇ ਜਾਣਾ ਪਸੰਦ ਨਹੀਂ ਕਰਦੇ। ਜੋਤਸ਼ੀਆਂ ਤੋਂ ਵਿਆਹ-ਸ਼ਾਦੀਆਂ ਦੀ ਰਸਮ ਲਈ ਉਚਿਤ ਦਿਨ ਮਿਥਣ ਵਾਸਤੇ ਸਲਾਹ ਲਈ ਜਾਂਦੀ ਹੈ। ਅੰਧ ਵਿਸ਼ਵਾਸ ਲੋਕਾਂ ਦੇ ਮਨਾਂ ਵਿਚ ਇਕ ਡਰ ਪੈਦਾ ਕਰ ਦਿੰਦਾ ਹੈ। ਵਹਿਮ ਦੇਸ਼ ਦੀ ਤੱਰਕੀ ਦੇ ਰਾਹ ਵਿਚ ਰੁਕਾਵਟ ਹਨ। ਸਿੱਖਿਆ ਦੇ ਪਸਾਰ ਤੇ ਅਨਪੜ੍ਹਤਾ ਖ਼ਤਮ ਕਰਨ ਨਾਲ ਵਹਿਮ ਵਾਲੇ ਵਿਸ਼ਵਾਸ ਅਲੋਪ ਹੋ ਜਾਣਗੇ।

(i) ਪੱਛਮ ਦੇ ਲੋਕ ਕਿਹੜੇ-ਕਿਹੜੇ ਵਹਿਮ ਕਰਦੇ ਹਨ? 2

(ii) ਭਾਰਤੀ ਲੋਕਾਂ ਦੇ ਵਹਿਮਾਂ ਨੂੰ ਲਿਖੋ। 2

(iii) ਵਹਿਮਾਂ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ? 1

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਨਾਨਕ ਦੇਵ

(ii) ਬੇਰੁਜਗਾਰੀ

(iii) ਪਾਣੀ ਦਾ ਮਹੱਤਵ

(iv) ਵਧ ਰਹੀ ਨਸ਼ਾਖੋਰੀ

(v) ਕਿਸੇ ਤੀਰਥ ਅਸਥਾਨ ਦੀ ਯਾਤਰਾ



www.mseducationtv.com

**8.** ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਗਰੀਬੀ ਦੀ ਹਾਲਤ ਦੱਸ ਕੇ ਫ਼ੀਸ ਮੁਆਫੀ ਲਈ ਬੇਨਤੀ ਪੱਤਰ ਲਿਖੋ। 5

**ਜਾਂ**

ਆਪਣੇ ਰਾਜ ਦੇ ਸਿੱਖਿਆ ਮੰਤਰੀ ਨੂੰ ਇਲਾਕੇ ਵਿਚ ਕਾਲਜ ਖੋਲਣ ਲਈ ਇਕ ਮੰਗ ਪੱਤਰ ਲਿਖੋ।

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਧਰਤੀ ਸੰਗ ਹੋਂਦ ਵਿਚ ਆਏ, ਹੰਦਾ ਏ ਪ੍ਰਤੀਤ।

ਮਾਨਵਤਾ ਦੀ ਕਰਨਗੇ ਸੇਵਾ, ਰਹਿੰਦੀ ਦੁਨੀਆ ਤੀਕ।

ਰੁੱਖਾਂ ਚੋਂ ਹੀ ਲੱਭਣਾ ਸਾਨੂੰ ਕੁਦਰਤ ਦਾ ਸਿਰਨਾਂਵਾਂ,

ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

**ਜਾਂ**

ਚਲੋ ਆਓ ! ਕੰਡਿਆਲੀ ਤਾਰ ਨੂੰ ਉਖਾੜੀਏ

ਧਰਤੀ ਮਾਂ ਦੀ ਹਿੱਕ 'ਤੇ ਕੰਡਿਆਲੀਆਂ ਤਾਰਾਂ ਗਡੀਆਂ ਨੇ ਕਮਲਿਓ !

ਆਓ ! ਸਰਹੱਦ ਦੀ ਤਾਰ ਥਾਵੇਂ ਫੁੱਲ ਬੀਜੀਏ

ਫੁੱਲ ਜੋ ਮੁਹੱਬਤ ਦਾ ਸਿਰਨਾਵਾਂ ਨੇ।



www.mseducationtv.com

(ii) ਪੰਜਾਬੀ ਸਭਿਆਚਾਰ ਉੱਪਰ ਪੱਛਮੀ ਪ੍ਰਭਾਵ ਪੈ ਰਿਹਾ ਹੈ। 'ਗੁੰਮ ਨੇ ਰਸੋਈ ਵਿਚੋਂ' ਕਵਿਤਾ ਦੇ ਆਧਾਰ ਤੇ ਲਿਖੋ। 3

(iii) 'ਕਿਤਾਬਤ' ਤੋਂ ਕੀ ਭਾਵ ਹੈ? 1

**10.** (i) ਸੈਰ ਕਰਨ ਦੇ ਕੀ-ਕੀ ਲਾਭ ਹਨ? 3

(ii) ਕੀ ਤੁਸੀਂ ਆਪਣੇ ਅੰਦਰਲੀ ਬੁੱਧੀ ਨੂੰ ਪਛਾਣਨ ਦਾ ਜਤਨ ਕੀਤਾ ਹੈ? ਇਸ ਬਾਰੇ ਵਿਸਥਾਰ ਨਾਲ ਲਿਖੋ। 3

(iii) ਹੰਕਾਰੀ ਮਨੁੱਖ ਤੋਂ ਕਿਵੇਂ ਬਚਿਆ ਜਾ ਸਕਦਾ ਹੈ? 2

(iv) ਆਸਟ੍ਰੇਲਿਆ ਦੇ ਕੌਮੀ ਜਾਨਵਰ ਦਾ ਨਾਂ ਦੱਸੋ। 1

**11.** (i) ਕਹਾਣੀ ਵਿਚ ਈਅਰ ਫ਼ੋਨ ਦੇ ਕਿਹੜੇ ਬੁਰੇ ਪ੍ਰਭਾਵ ਦੱਸੇ ਗਏ ਹਨ? 3

(ii) ਵੰਦਨਾ ਅਤੇ ਅਰਚਨਾ ਦੀ ਫੁੱਲ ਬੂਟਿਆਂ ਨਾਲ ਕਿਹੋ ਜਿਹੀ ਸਾਂਝ ਹੈ? ਬਿਆਨ ਕਰੋ। 3

(iii) ਰਜਨੀ, ਸੱਪ ਨੂੰ ਕਿਵੇਂ ਕਾਬੂ ਕਰਦੀ ਹੈ? 2

(iv) 'ਨਾਨੀ ਦਾ ਪਿਆਰ' ਕਹਾਣੀ ਕਿਸ ਦੀ ਰਚਨਾ ਹੈ? 1

**12.** (i) 'ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ। 5

**ਜਾਂ**

ਭ੍ਰਿਸ਼ਟਾਚਾਰ ਤੇ ਰਾਜ-ਪ੍ਰਬੰਧ ਦਾ ਬਹੁਤ ਨਜਦੀਕੀ ਵਾਲਾ ਸੰਬੰਧ ਹੈ? ਇਸ ਨੂੰ ਦੂਰ ਕਰਨ ਲਈ ਆਪਣੇ ਸੁਝਾਵਾਂ ਉਪਰ ਰੌਸ਼ਨੀ ਪਾਉ।

(ii) ਕਿਸਾਨ, ਰਾਜੇ ਤੇ ਵਜੀਰ ਨੂੰ ਕਿਵੇਂ ਮਾਰਦਾ-ਕੁੱਟਦਾ ਹੈ ਅਤੇ ਕਿਉਂ? 3

(iii) ਰਾਮ ਭਜਨੀ ਨੇ ਰੇਸ਼ਮੀ ਕੁੜਤੇ ਕਿਸ ਲਈ ਰੱਖੇ ਸਨ? 1

(iv) 'ਬੇਬੇ ਰਾਮ ਭਜਨੀ' ਇਕਾਂਗੀ ਕਿਸ ਦੀ ਰਚਨਾ ਹੈ? 1



www.mseducationtv.com

**13.** (i) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਉੱਤੇ ਰੌਸ਼ਨੀ ਪਾਉ। 3

(ii) ਧਰਮ ਬਾਰੇ ਡਾ० ਕਲਾਮ ਦੇ ਕੀ ਵਿਚਾਰ ਸਨ? 3

(iii) ਨਾਨਕ ਸਿੰਘ ਦੇ ਕਿਹੜੇ ਨਾਵਲ ਦੀ ਕਹਾਣੀ ਉਪਰ ਹਿੰਦੀ ਫਿਲਮ ਬਣੀ? ਇਸ ਫਿਲਮ ਨੂੰ ਕਿਸ ਨੇ ਬਣਾਇਆ? 2

(iv) 1958 ਦੀਆਂ ਟੋਕੀਓ ਏਸੀਆਈ ਖੇਡਾਂ ਵਿਚ ਮਿਲਖਾ ਸਿੰਘ ਮੂਹਰੇ ਕਿਹੜਾ ਖਿਡਾਰੀ ਸਭ ਤੋਂ ਵੱਡੀ ਚੁਣੌਤੀ ਸੀ? 1

**14.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ :

$1 \times 4 = 4$

(i) 'ਮਾਣ ਪੰਜਾਬੀ ਦਾ' ਕਵਿਤਾ ਦਾ ਕਵੀ ਹੈ :

(ੳ) ਡਾ० ਸੁਦਰਸ਼ਨ ਗਾਸੋ

(ਅ) ਕੁਲਵੰਤ ਸਿੰਘ ਰਫ਼ੀਕ

(ੲ) ਸ਼ਾਹ ਹੁਸੈਨ

(ਸ) ਗੁਰੂ ਅਮਰਦਾਸ ਜੀ

(ii) 'ਨਾਨੀ ਦਾ ਪਿਆਰ' ਕਹਾਣੀ ਦੀ ਘਟਨਾ ਵਾਪਰਦੀ ਹੈ :

(ੳ) ਲਾਹੌਰ ਸ਼ਹਿਰ ਵਿਚ

(ਅ) ਜਲੰਧਰ ਵਿਚ

(ੲ) ਅੰਮ੍ਰਿਤਸਰ ਸ਼ਹਿਰ ਵਿਚ

(ਸ) ਬਠਿੰਡਾ ਸ਼ਹਿਰ ਵਿਚ



www.mseducationtv.com

(iii) ਲੇਖਕ ਨਾਲ ਕੁੜੀਆਂ ਦਾ ਕਾਫਲਾ ਕਿਸ ਵਾਦੀ ਵਲ ਜਾ ਰਿਹਾ ਸੀ ?

(ੳ) ਸ਼ਿਮਲਾ ਵਾਦੀ ਵਲ

(ਅ) ਕਸ਼ਮੀਰ ਵਾਦੀ ਵਲ

(ੲ) ਸੇਲਾਂਗ ਵਾਦੀ ਵਲ

(ਸ) ਮਨਾਲੀ ਵਾਦੀ ਵਲ

(iv) ਮਿਲਖਾ ਸਿੰਘ ਹੋਰੀਂ ਕਿੰਨੇ ਭੈਣ-ਭਰਾ ਸਨ ?

(ੳ) ਚਾਰ

(ਅ) ਪੰਜ

(ੲ) ਸੱਤ

(ਸ) ਅੱਠ



www.mseducationtv.com

**CLASS : 10th (Secondary)** **Code No. 4210**

**Series : Sec. M/2019**

ਰੋਲ ਨੰ. | | | | | | | | | | |

***SET : D***

# ਪੰਜਾਬੀ

## PUNJABI

*(Academic/Open)*

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **8** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਧੋਬੀ ਕਪੜੇ ਧੋ ਰਿਹਾ ਹੈ। ਵਾਕ ਵਿਚ 'ਧੋਬੀ' ਸ਼ਬਦ ਦਾ ਕਾਰਕ ਹੈ :

(ੳ) ਕਰਤਾ ਕਾਰਕ

(ਅ) ਕਰਮ ਕਾਰਕ

(ੲ) ਕਰਨ ਕਾਰਕ

(ਸ) ਅਪਾਦਾਨ ਕਾਰਕ

(ii) ਕਿਸ ਨੇ ਕੰਮ ਪੂਰਾ ਨਹੀਂ ਕੀਤਾ? ਵਾਕ ਵਿਚ 'ਕਿਸ' ਸ਼ਬਦ ਹੈ :

(ੳ) ਆਮ ਨਾਂਵ

(ਅ) ਪ੍ਰਸ਼ਨਵਾਚਕ ਪੜਨਾਂਵ

(ੲ) ਨਿੱਜ ਵਾਚਕ ਪੜਨਾਂਵ

(ਸ) ਪੁਰਖਵਾਚਕ ਪੜਨਾਂਵ

(iii) ਸ਼ੁੱਧ ਸ਼ਬਦ ਚੁਣੋ :

(ੳ) ਅਬਿਆਸ (ਅ) ਕਿਮੇ

(ੲ) ਸ਼ੈਹਰ (ਸ) ਜਲੰਧਰ

(iv) ਮੱਝ ਵੇਚ ਕੇ ....... ਲਈ, ਦੁੱਧ ਪੀਣੋ ਗਏ, ਲਿੱਦ ਚੁੱਕਣੀ ਪਈ। ਅਖਾਣ ਪੂਰੀ ਕਰੋ :

(ੳ) ਬੋਤੀ (ਅ) ਘੋੜੀ

(ੲ) ਗਾਂ (ਸ) ਹਥਣੀ



www.mseducationtv.com

**2.** (i) ਹਰਦੀਪ ਬਹੁਤ ਈਮਾਨਦਾਰ ਹੈ। (ਨਾਂਹ ਵਾਚਕ ਵਾਕ ਬਣਾਓ) 1

(ii) ਤੁਹਾਡਾ ਭਰਾ ਕੀ ਕਰਦਾ ਹੈ? (ਬਿਨੈ ਵਾਚਕ ਵਾਕ ਬਣਾਓ) 1

(iii) ਹਰਮਨ ਨੇ ਨਵੀਂ ਕਾਰ ਖਰੀਦੀ। (ਲਕੀਰੇ ਸ਼ਬਦ ਦੀ ਪਦਵੰਡ ਕਰੋ) 1

(iv) 'ਬਦ' ਅਗੇਤਰ ਤੋਂ ਇਕ ਸ਼ਬਦ ਬਣਾਓ। 1

**3.** ਜਗੀਰ ਦੀ ਪੈਰ ਅਤੇ ਲੱਤ ਉੱਤੇ ਸੱਟ ਲੱਗਾ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਕਾਸ਼ ਮੈਂ ਚਾਰ ਸੌ ਮੀਟਰ ਨਾ ਦੌੜਦਾ ਮਿਲਖਾ ਸਿੰਘ ਨੇ ਕਿਹਾ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋਂ : 2

(i) ਘੋੜੇ ਵੇਚ ਕੇ ਸੌਣਾ

(ii) ਘਰ ਸਿਰ ਤੇ ਚੁੱਕਣਾ

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:

ਹਰ ਬੋਲੀ ਦੇ ਪੁਰਾਣੇ ਸਾਹਿਤ ਵਿਚ ਮਨ-ਕਥੀਆਂ, ਲੋਕ-ਕਹਾਣੀਆਂ ਤੇ ਲੋਕ ਰਵਾਇਤੀ ਸੰਗ੍ਰਹਿ ਜਾਂ ਗ੍ਰੰਥ ਹਨ, ਜਿਨ੍ਹਾਂ ਨੂੰ ਅੱਜ ਵੀ, ਜਦ ਕਿ ਸਾਹਿਤ ਨੇ ਇੰਨੀ ਉੱਨਤੀ ਕਰ ਲਈ ਹੈ, ਸਤਿਕਾਰਿਆ ਜਾਂਦਾ ਹੈ। 'ਹਿਤ ਉਪਦੇਸ', 'ਪੰਚ ਤੰਤਰ' ਤੇ 'ਜਨਮ-ਸਾਖੀ' ਆਦਿ ਭਾਰਤੀ ਰਵਾਇਤੀ ਸਾਹਿਤ ਦੇ ਪ੍ਰਸਿੱਧ ਗ੍ਰੰਥ ਹਨ। ਫ਼ਾਰਸੀ ਵਿਚ 'ਗੁਲਿਸਤਾਂ', 'ਬੋਸਤਾਂ' ਤੇ 'ਅਲਫ-ਲੈਲਾ'



www.mseducationtv.com

ਕਹਾਣੀਆਂ ਦੇ ਹਰਮਨ ਪਿਆਰੇ ਸੰਗ੍ਰਹਿ ਹਨ। ਅੰਗਰੇਜੀ ਵਿਚ 'ਈਸਪ' ਦੀਆਂ ਸੰਸਾਰ ਪ੍ਰਸਿੱਧ ਰਵਾਇਤਾਂ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਸਾਡੀਆਂ ਬੋਲੀਆਂ ਦੇ ਪਹਿਰਨ ਪਹਿਨ ਕੇ ਇੰਨ-ਬਿੰਨ ਸਾਡੀਆਂ ਆਪਣੀਆਂ ਜਾਈਆਂ ਵਰਗੀਆਂ ਹੋ ਗਈਆਂ ਹਨ। ਜਿਸ ਸਾਹਿਤ ਦੀ ਨੀਂਹ ਵਿਚ ਅਟੱਲ ਤੇ ਸਰਬ ਵਿਆਪਕ ਸਚਾਈਆਂ ਹੋਣ, ਉਸ ਦੇ ਨੈਣ ਤੇ ਨਕਸ਼ ਹੱਦਾਂ, ਮੁਲਕਾਂ, ਨਸਲਾਂ ਤੇ ਬੋਲੀਆਂ ਦਾ ਭਿੰਨ-ਭੇਦ ਮਿਟਾ ਕੇ ਇਕੋ ਜਿਹੇ ਹੋ ਜਾਂਦੇ ਹਨ। ਸੱਚ ਦਾ ਰੂਪ ਸਾਰੀ ਸ੍ਰਿਸ਼ਟੀ ਉੱਤੇ ਇਕੋ ਹੈ।

(i) ਹਰ ਬੋਲੀ ਦੇ ਪੁਰਾਣੇ ਸਾਹਿਤ ਨੂੰ ਅੱਜ ਵੀ ਕਿਉਂ ਸਤਿਕਾਰਿਆ ਜਾਂਦਾ ਹੈ। 2

(ii) ਭਾਰਤੀ ਰਵਾਇਤੀ ਸਾਹਿਤ ਦੇ ਪ੍ਰਸਿੱਧ ਗ੍ਰੰਥਾਂ ਦੇ ਨਾਮ ਲਿਖੋ। 2

(iii) ਅਲਫ-ਲੈਲਾ ਕਹਾਣੀ ਸੰਗ੍ਰਹਿ ਕਿਸ ਭਾਸ਼ਾ ਦਾ ਕਹਾਣੀ ਸੰਗ੍ਰਹਿ ਹੈ? 1

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਗੋਬਿੰਦ ਸਿੰਘ ਜੀ

(ii) ਦੇਸ਼ ਪਿਆਰ

(iii) ਕੰਨਿਆ ਭਰੂਣ ਹੱਤਿਆ

(iv) ਵਿਦਿਆਰਥੀ ਜੀਵਨ

(v) ਵਿਸ਼ਾਖੀ ਦਾ ਤਿਉਹਾਰ



www.mseducationtv.com

**8.** ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਲਾਇਬ੍ਰੇਰੀ ਵਿਚ ਪੰਜਾਬੀ ਦੀਆਂ ਪੁਸਤਕਾਂ ਦਾ ਪ੍ਰਬੰਧ ਕਰਨ ਲਈ ਬੇਨਤੀ ਪੱਤਰ ਲਿਖੋ। 5

**ਜਾਂ**

ਪੋਸਟ ਮਾਸਟਰ ਨੂੰ ਡਾਕੀਏ ਦੀ ਲਾਪਰਵਾਹੀ ਤੇ ਰੁੱਖੇ ਵਤੀਰੇ ਦੇ ਖਿਲਾਫ਼ ਇਕ ਸਿਕਾਇਤੀ ਪੱਤਰ ਲਿਖੋ।

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਦੌਰੀ-ਡੰਡੇ, ਚੱਕੀਆਂ, ਉੱਖਲੀਆਂ ਤੇ ਚਰਖੇ,
ਸੈਂਕੜੇ ਹੀ ਮੋਈਆਂ ਚੀਜਾਂ ਹੋ ਕੇ ਨਿਮਾਣੀਆਂ।
ਖੁਰਲੀ ਤੋਂ ਵਹਿੜਕੇ ਬਲਦ ਕਿੱਥੇ ਤੁਰ ਗਏ,
ਕਿਥੇ ਗਏ ਕਿੱਲੀਆਂ ਤੋਂ ਘੁੰਗਰੂ ਪਰਾਣੀਆਂ ?

**ਜਾਂ**

ਇਕੋ ਬਾਟੇ ਵਿਚ ਅੰਮ੍ਰਿਤ ਤੁਸੀਂ ਛਕਿਆ,
ਰਹੀ ਜਾਤ ਨਾ ਪਾਤ ਅੱਜ ਖ਼ਾਲਸੇ ਦੀ।
ਇਕੋ ਰੂਪ ਸਰੂਪ ਅਤੇ ਧਰਮ ਇਕੋ,
ਸਾਂਝੀ ਵਾਲਤਾ ਦਾਤ ਅੱਜ ਖ਼ਾਲਸੇ ਦੀ।

(ii) ਰੁੱਖ ਸਾਡਾ ਵਾਤਾਵਰਨ ਕਿਵੇਂ ਸ਼ੁੱਧ ਕਰਦੇ ਹਨ ? 3

(iii) 'ਮਨਮੁਖਿ' ਤੋਂ ਕੀ ਭਾਵ ਹੈ ? 1



www.mseducationtv.com

**10.** (i) ਕੁੜੀ ਦੇ ਵਿਆਹ ਵੇਲੇ ਪਰਿਵਾਰ ਵਿਚ ਕੀ-ਕੀ ਕੀਤਾ ਜਾਂਦਾ ਹੈ? 'ਪੰਜਾਬ ਦੇ ਲੋਕ-ਗੀਤ' ਪਾਠ ਦੇ ਆਧਾਰ 'ਤੇ ਦੱਸੋ। 3

(ii) ਕੁੜੀਆਂ ਕਿਸ ਨੂੰ ਦੇਖ ਕੇ ਹੱਸੀਆਂ? ਅੱਗੋ ਉਨ੍ਹਾਂ ਨੂੰ ਕੀ ਜਵਾਬ ਮਿਲਿਆ? 3

(iii) ਆਸਟ੍ਰੇਲੀਆ ਵਿਚ ਲੇਖਕ ਨੂੰ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਦੀ ਯਾਦ ਆਉਂਦੀ ਹੈ? 2

(iv) ਚਾਹ ਵਿਚ ਕਿਹੜਾ ਤੱਤ ਮੌਜੂਦ ਹੁੰਦਾ ਹੈ? 1

**11.** (i) ਕਹਾਣੀ ਦੀ ਪਾਤਰ ਰਜਨੀ ਦੇ ਕਿਰਦਾਰ ਦਾ ਤੁਹਾਡੇ ਉਪਰ ਕੀ ਅਸਰ ਹੋਇਆ? ਵਿਸਤਾਰ ਨਾਲ ਲਿਖੋ। 3

(ii) ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸਨੇ ਤੇ ਕਿਵੇਂ ਕੀਤੀ? 3

(iii) ਪੁਲਿਸ ਨੂੰ ਕੌਣ ਬੁਲਾਉਂਦਾ ਹੈ ਅਤੇ ਕਿਉਂ? 2

(iv) 'ਈਅਰ ਫ਼ੋਨ' ਕਹਾਣੀ ਕਿਸ ਦੀ ਰਚਨਾ ਹੈ? 1

**12.** (i) ਤੋਤਾ-ਮੈਨਾ ਕਿੱਥੇ ਗਾ ਰਹੇ ਸਨ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ? ਆਪਣੇ ਸ਼ਬਦਾਂ ਵਿਚ ਲਿਖੋ। 5

**ਜਾਂ**

'ਮੈਂ ਹਰ ਪਾਸਿਉਂ ਲੁੱਟਿਆ ਗਿਆ। ਓਇ, ਮੈਂ ਕੀ ਕਰਾਂ', ਇਹ ਕੌਣ ਤੇ ਕਿਉਂ ਬੋਲਦਾ ਹੈ? ਉੱਤਰ ਵਿਸਥਾਰ ਵਿਚ ਲਿਖੋ।

(ii) ਕੋਤਵਾਲ ਆਦਮੀ ਨੂੰ ਕਿਉਂ ਮਾਰਦਾ ਹੈ ਤੇ ਰਾਜਾ ਕੋਤਵਾਲ ਸਾਹਮਣੇ ਆਪਣੇ ਆਪ ਨੂੰ ਕੀ ਦੱਸਦਾ ਹੈ? 3

(iii) ਪਾਂਧੇ ਨੂੰ ਰਾਮ ਭਜਨੀ ਕੋਲ ਕੌਣ ਲੈ ਕੇ ਆਉਂਦਾ ਹੈ? 1

(iv) ਸੂਈ ਕੌਣ ਮੰਗਦਾ ਹੈ? 1



www.mseducationtv.com

**13.** (i) ਡਾ० ਕਲਾਮ ਦੇ ਜੀਵਨ ਤੋਂ ਸਾਨੂੰ ਕਿਹੜੀਆਂ ਮਾਨਵੀ ਕਦਰਾਂ-ਕੀਮਤਾਂ ਦੀ ਸਿੱਖਿਆ ਮਿਲਦੀ ਹੈ? ਉਦਾਹਰਨਾਂ ਸਹਿਤ ਲਿਖੋ। 3

(ii) ਤੁਹਾਨੂੰ ਬੀਬੀ ਭਾਨੀ ਦੀਆਂ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ਹੈ? ਵਿਸਥਾਰ ਨਾਲ ਲਿਖੋ। 3

(iii) ਨਾਨਕ ਸਿੰਘ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ? 2

(iv) ਮਿਲਖਾ ਸਿੰਘ ਦਾ ਪਾਲਣ-ਪੋਸਣ ਕਿਸ ਨੇ ਕੀਤਾ? 1

**14.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) 'ਲਾਡੋ' ਅਖਵਾਉਣਾ ਚੰਗਾ ਲਗਦਾ ਹੈ :

(ੳ) ਸਹੇਲੀ ਨੂੰ

(ਅ) ਜੰਮਣਵਾਲੀ ਧੀ ਨੂੰ

(ੲ) ਲੇਖਕਾ ਨੂੰ

(ਸ) ਕਵਿਤਰੀ ਨੂੰ

(ii) ਰੇਹੜੀਆਂ ਉੱਪਰ ਕਿਹੜਾ-ਕਿਹੜਾ ਫਲ ਰੁਲਣ ਲੱਗ ਪਿਆ?

(ੳ) ਕਿਨੂੰ ਅਤੇ ਅੰਗੂਰ

(ਅ) ਸੰਤਰੇ ਅਤੇ ਅੰਗੂਰ

(ੲ) ਅੰਬ ਅਤੇ ਸੇਬ

(ਸ) ਕਿਨੂੰ ਅਤੇ ਸੇਬ



www.mseducationtv.com

(iii) ਮੀਨਾਕਸ਼ੀ ਕਿਹੜੀ ਜਮਾਤ ਵਿਚ ਪੜ੍ਹਦੀ ਸੀ ?

(ੳ) ਦਸਵੀਂ ਵਿਚ

(ਅ) ਗਿਆਰਵੀਂ ਵਿਚ

(ੲ) ਬਾਰ੍ਹਵੀਂ ਵਿਚ

(ਸ) ਬੀ० ਏ० ਵਿਚ

(iv) 'ਉੱਡਣਾ ਸਿੱਖ-ਮਿਲਖਾ ਸਿੰਘ' ਜੀਵਨੀ ਦਾ ਲੇਖਕ ਹੈ :

(ੳ) ਪ੍ਰਕਾਸ਼ ਸਿੰਘ ਗਿੱਲ

(ਅ) ਸੁਖਵਿੰਦਰ ਕੌਰ

(ੲ) ਨਾਨਕ ਸਿੰਘ

(ਸ) ਡਾ० ਕਲਾਮ



www.mseducationtv.com